ਵੱਲੋ:

ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ
(ਤਕਨੀਕੀ ਸਿੱਖਿਆ ਵਿੰਗ),ਚੰਡੀਗੜ੍ਹ।

ਵੱਲ

ਰਜਿਸਟਰਾਰ, (ਸੈਕਸਨਿੰਗ ਅਥਾਰਟੀਜ਼)

1. ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ।
2. ਡਾ: ਬੀ.ਆਰ.ਅੰਬੇਦਕਰ, ਨੈਸ਼ਨਲ ਇਸ: ਆਫ ਟੈਕ: ਜਲੰਧਰ।
3. ਇੰਡੀਅਨ ਇੰਸ: ਆਫ ਟੈਕ: ਰੋਪੜ੍ਹ
4. ਸੰਤ ਲੋਗੋਂਵਾਲ ਇੰਸ: ਆਫ ਇੰਜੀ: ਅਤੇ ਟੈਕ: ਸੰਗਰੂਰ।
5. ਨੈਸ਼ਨਲ ਇੰਸ: ਆਫ ਫਾਰਮੈਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ, ਮੋਹਾਲੀ।
6. ਥਾਪਰ ਯੂਨੀਵਰਸਿਟੀ, ਪਟਿਆਲਾ।

7-21 ਪ੍ਰਿੰਸੀਪਲ,
ਸਰਕਾਰੀ ਬਹੁਤਕਨੀਕੀ ਕਾਲਜ, ਅੰਮ੍ਰਿਤਸਰ, ਬਠਿੰਡਾਂ,ਬਟਾਲਾ, ਬਹਿਰਾਮ, ਬਡਬਰ, ਬੇਗੋਵਾਲ, ਬਰੇਟਾ,ਭਿੱਖੀਵਿੰਡ, ਹੁਸ਼ਿਆਰਪੁਰ, ਜੀ.ਟੀ.ਬੀ.ਗੜ੍ਹ, ਫਤੂਹੀਗੜ੍ਹ, ਰਾਂਣਵਾ, ਖੂਨੀ ਮਾਜਰਾ, ਕੋਟਕਪੂਰਾ, ਫਿਰੋਜਪੁਰ।

22-27 ਸਰਕਾਰੀ ਬਹੁਤਕਨੀਕੀ ਕਾਲਜ, ਲੜਕੀਆ, ਅੰਮ੍ਰਿਤਸਰ, ਜਲੰਧਰ, ਦੀਨਾਨਗਰ, ਪਟਿਆਲਾ, ਲੁਧਿਆਣਾ ਅਤੇ ਰੋਪੜ੍ਹ।

28. ਪ੍ਰਿੰਸੀਪਲ, ਗੋਰਮਿੰਟ ਇੰਸ: ਆਫ ਟੈਕਸਟਾਈਲ ਕੈਮਿਸਟਰੀ ਅਤੇ ਨਿਟਿੰਗ ਟੈਕ: ਲੁਧਿਆਣਾ
29. ਕੋਆਰਡੀਨੇਟਰ ਸਕਾਲਰਸ਼ਿਪ (ਮੁੱਖ ਦਫਤਰ)

ਮੀਮੋ ਨੰ:੧੫੧ /ਸਕਾਲਰਸ਼ਿਪ/2013 ਮਿਤੀ:29-10-2013

ਵਿਸ਼ਾ:- **ਵੈਬ ਪੋਰਟਲ ਤੇ ਅਪਲਾਈ ਕਰਨ ਵਿੱਚ ਆ ਰਹੀਆਂ ਮੁਸ਼ਕਲਾਂ ਦੇ ਨਿਪਟਾਰੇ ਸਬੰਧੀ।**

ਹਵਾਲਾ: ਉਪਰੋਕਤ ਵਿਸ਼ੇ ਤੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਕੁੱਝ ਸਸਥਾਵਾਂ ਵੱਲੋਂ ਵੈਬਪੋਰਟਲ ਤੇ ਅਪਲਾਈ ਕਰਨ ਵਿੱਚ ਆ ਰਹੀਆਂ ਮੁਸ਼ਕਲਾਂ ਸਬੰਧੀ ਕਿਊਰੀਜ਼ ਮੁੱਖ ਦਫਤਰ ਨੂੰ ਸਿਧੇ ਤੋਰ ਤੇ ਭੇਜੀਆ ਜਾਂਦੀਆ ਹਨ ਜਦੋ ਕਿ ਇਹਨਾਂ ਮੁਸ਼ਕਲਾ ਦਾ ਨਿਪਟਾਰਾ ਆਪਦੇ ਪੱਧਰ ਤੇ ਹੀ ਹੋਣਾ ਚਾਹੀਦਾ ਹੈ। ਜ਼ੇਕਰ ਮੁੱਖ ਦਫਤਰ ਦੇ ਪਧੱਰ ਤੇ ਕਿਸੇ ਮੁਸ਼ਕਲ ਦਾ ਨਿਪਟਾਰਾ ਕਰਨਾ ਬਣਦਾ ਹੋਵੇ ਤਾਂ ਹੀ ਸੈਕਸ਼ਨਿੰਗ ਅਥਾਰਟੀ ਵਲੋ ਹੀ ਇਸ ਦਫਤਰ ਨੂੰ ਕਿਊਰੀ ਭੇਜੀ ਜਾਵੇ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਆਉਂਦੀਆਂ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਵਿਸ਼ੇ ਸਬੰਧੀ ਮੁਸ਼ਕਲਾਂ ਬਾਰੇ ਆਪਣੀ ਸੈਕਸਨਿੰਗ ਅਥਾਰਟੀ ਜਾਂ ਮਾਸਟਰ ਟ੍ਰੇਨਰ ਨਾਲ ਸੰਪਰਕ ਕਰਨ।

ਹ:ਸ:
ਵਧੀਕ ਡਾਇਰੈਕਟਰ
ਵਾ: ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ।

ਪਿੱਠ ਅੰਕਣ ਨੰ:੧੫੦ /ਸਕਾਲਰਸ਼ਿਪ/2013 ਮਿਤੀ:29-10-2013

ਉਪਰੋਕਤ ਦਾ ਇੱਕ ਉਤਾਰਾ ਸਾਰੀਆਂ ਸੰਸਥਾਂਵਾ ਦੇ ਪ੍ਰਿੰਸੀਪਲ/ਡਾਇਰੈਕਟਰ ਨੂੰ ਭੇਜ ਕੇ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫਤਰ ਵੱਲੋਂ ਭਲਾਈ ਵਿਭਾਗ ਪੰਜਾਬ, ਐਨ.ਆਈ.ਸੀ. ਅਤੇ ਡਾਇਰੈਕਟਰ ਤਕਨੀਕੀ ਸਿੱਖਿਆ ਜੀ ਨਾਲ ਸਮੇਂ ਸਮੇਂ ਤੇ ਹੋਈਆਂ ਮੀਟਿੰਗਾਂ ਦੇ ਮਿਨਟਸ ਵਿਭਾਗ ਦੀ ਵੈਬਸਾਈਟ ਤੇ ਪਾ ਦਿੱਤੇ ਜਾਂਦੇ ਹਨ, ਜਿਸ ਬਾਰੇ ਉਥੋ ਸੇਧ ਲਈ ਜਾ ਸਕਦੀ ਹੈ। ਇਸਤੋਂ ਇਲਾਵਾ ਅਜਿਹੇ ਸਵਾਲਾ ਦੇ ਜਵਾਬ ਐਫ.ਏ.ਕਿਉ ਵਿੱਚ ਵੀ ਦੇਖੇ ਜਾ ਸਕਦੇ ਹਨ। ਵਿਭਾਗ ਵੱਲੋਂ ਕੁੱਝ ਮਾਸਟਰ ਟ੍ਰੈਨਰਜ਼ ਵੀ ਲਗਾਏ ਗਏ ਹਨ, ਜਿਨ੍ਹਾਂ ਦੀ ਸੂਚਨਾਂ ਵਿਭਾਗ ਦੀ ਵੈਬ ਸਾਈਟ ਤੇ ਉਪਲਬਧ ਹੈ ਤੋਂ ਵੀ ਸੇਧ ਲਈ ਜਾ ਸਕਦੀ ਹੈ। ਆਪਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਫਿਰ ਵੀ ਇਸ ਮਾਮਲੇ ਵਿੱਚ ਕਿਸੇ ਜਾਣਕਾਰੀ ਦੀ ਲੋੜ੍ਹ ਪੈਂਦੀ ਹੈ ਤਾਂ ਉਸ ਬਾਰੇ ਆਪਣੀ ਸੈਕਸਨਿੰਗ ਅਥਾਰਟੀ ਨਾਲ ਹੀ ਸਪਰੰਕ ਕੀਤਾ ਜਾਵੇ।

ਹ:ਸ:
ਵਧੀਕ ਡਾਇਰੈਕਟਰ
ਵਾ: ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ